In the name of Allah the Most Gracious the Ever Merciful
بسم الله الرحمن الرحيم
Press Desk
Ahmadiyya Muslim Jamaat
INTERNATIONAL
(INDIA)
شعبہ پریس اینڈ میڈیا بھارت
**Office Press & Media**
Ahmadiyya Muslim Jama'at India,
Qadian-143516, Distt.Gurdaspur, Punjab, India.
Mobile: +91-99887 57988
Email: pressamjindia@gmail.com
Tel: +91-1872-500282
ahmadiyya_press ahmadiyyapressindia
( A Registered Religious and Charitable Society in India under the Societies Registration Act XXI 1860 )

ازرحوالہ/Ref **SPM-264**
تاریخ/Date **05-10-25**

# ਕਾਦੀਆਂ ਦਾਰੁਲ-ਅਮਾਨ ਵਿੱਚ ਮਜਲਿਸ ਖ਼ੁਦਾਮੁਲ ਅਹਮਦੀਆ ਤੇ ਮਜਲਿਸ ਅਤਫ਼ਾਲੁਲ ਅਹਮਦੀਆ ਕਾਦੀਆਂ ਦੇ ਸਾਲਾਨਾ ਇਜਤਿਮਾ ਦਾ ਆਯੋਜਨ

ਰੱਬ ਦੀ ਮੇਹਰ ਨਾਲ ਇਸ ਸਾਲ **3 ਅਕਤੂਬਰ ਤੋਂ 5 ਅਕਤੂਬਰ 2025** ਤੱਕ ਕਾਦੀਆਂ (ਭਾਰਤ) ਵਿੱਚ ਮਜਲਿਸ ਖ਼ੁਦਾਮੁਲ ਅਹਮਦੀਆ ਤੇ ਮਜਲਿਸ ਅਤਫ਼ਾਲੁਲ ਅਹਮਦੀਆ ਕਾਦੀਆਂ ਦਾ ਸਾਲਾਨਾ ਇਜਤਿਮਾ ਵੱਡੀ ਸ਼ਾਨ ਨਾਲ ਕੀਤਾ ਜਾ ਰਿਹਾ ਹੈ। ਇਸ ਸਮਾਗਮ ਦਾ ਮਕਸਦ ਨੌਜਵਾਨਾਂ (ਖ਼ੁਦਾਮ) ਅਤੇ ਬੱਚਿਆਂ (ਅਤਫ਼ਾਲ) ਦੀ ਸਿੱਖਿਆ ਤੇ ਸਿਖਲਾਈ, ਚੰਗੀਆਂ ਆਦਤਾਂ, ਭਰਾਤਰੀ ਪਿਆਰ ਅਤੇ ਲੋਕ ਸੇਵਾ ਦਾ ਜਜ਼ਬਾ ਪੈਦਾ ਕਰਨਾ ਹੈ।

ਇਸ ਸੰਸਥਾ ਮਜਲਿਸ ਖ਼ੁਦਾਮੁਲ ਅਹਮਦੀਆ ਦੇ ਸੰਸਥਾਪਕ ਹਜ਼ਰਤ ਮਿਰਜ਼ਾ ਬਸ਼ੀਰੁਦਦੀਨ ਮਹਮੂਦ ਅਹਿਮਦ ਸਾਹਿਬ, ਖ਼ਲੀਫ਼ਤੁਲ ਮਸੀਹ ਸਾਨੀ ਨੇ ਫਰਮਾਇਆ ਸੀ ਕਿ—

**“ਕੌਮਾਂ ਦਾ ਸੁਧਾਰ ਨੌਜਵਾਨਾਂ ਦੇ ਸੁਧਾਰ ਤੋਂ ਬਿਨਾਂ ਨਹੀਂ ਹੋ ਸਕਦਾ।”**

ਇਸ ਸੋਚ ਨੂੰ ਧਿਆਨ ਵਿੱਚ ਰੱਖ ਕੇ ਮਜਲਿਸ ਖ਼ੁਦਾਮੁਲ ਅਹਮਦੀਆ ਦੀ ਨੀਂਹ ਰੱਖੀ ਗਈ ਤਾਂ ਜੋ ਨੌਜਵਾਨਾਂ ਨੂੰ ਐਸੇ ਰੂਪ ਵਿੱਚ ਸਿੱਖਿਆ ਤੇ ਸਿਖਲਾਈ ਮਿਲੇ ਕਿ ਉਹ ਦੇਸ਼ ਤੇ ਕੌਮ ਲਈ ਲਾਭਦਾਇਕ ਨਾਗਰਿਕ ਬਣ ਸਕਣ।

**“ਖ਼ੁਦਾਮੁਲ ਅਹਮਦੀਆ”** ਜਮਾਤ ਅਹਮਦੀਆ ਦੇ ਨੌਜਵਾਨਾਂ ਦੀ ਇਕ ਸੰਸਥਾ ਹੈ ਜਿਸ ਦਾ ਮਕਸਦ ਇਹ ਹੈ ਕਿ ਨੌਜਵਾਨ ਉੱਚ ਅਖਲਾਕ ਵਾਲੇ, ਮਜ਼ਬੂਤ ਹਿੰਮਤ ਵਾਲੇ ਬਣਨ ਅਤੇ ਦੇਸ਼ ਦੀ ਤਰੱਕੀ ਵਿੱਚ ਆਪਣਾ ਖਾਸ ਯੋਗਦਾਨ ਪਾ ਸਕਣ ਤੇ ਮਨੁੱਖਤਾ ਦੀ ਸੇਵਾ ਕਰ ਸਕਣ। ਇਸੇ ਤਹਿਤ ਸੱਤ ਸਾਲ ਤੋਂ ਪੰਦਰਾਂ ਸਾਲ ਦੀ ਉਮਰ ਦੇ ਬੱਚਿਆਂ ਲਈ ਇਕ ਵੱਖਰੀ ਸੰਸਥਾ **“ਅਤਫ਼ਾਲੁਲ ਅਹਮਦੀਆ”** ਬਣਾਈ ਗਈ ਹੈ ਜਿਸ ਵਿੱਚ ਛੋਟੀ ਉਮਰ ਤੋਂ ਹੀ ਧਾਰਮਿਕ ਅਤੇ ਚੰਗੀਆਂ ਆਦਤਾਂ ਵੱਲ ਧਿਆਨ ਦਿੱਤਾ ਜਾਂਦਾ ਹੈ ਤਾਂ ਜੋ ਵੱਡੇ ਹੋ ਕੇ ਇਹ ਬੱਚੇ ਦੇਸ਼ ਤੇ ਕੌਮ ਦੇ ਕੰਮ ਆਉਣ ਅਤੇ ਧਾਰਮਿਕ ਤੇ ਚੰਗੇ ਚਾਲ-ਚਲਣ ਵਿੱਚ ਹੋਰਾਂ ਤੋਂ ਅੱਗੇ ਰਹਿਣ। ਇਹ ਦੋਵੇਂ ਸੰਸਥਾਵਾਂ ਦੀ ਨੀਂਹ ਜਮਾਤ ਅਹਮਦੀਆ ਦੇ ਦੂਜੇ ਖ਼ਲੀਫ਼ਾ ਹਜ਼ਰਤ ਮਿਰਜ਼ਾ ਬਸ਼ੀਰੁਦਦੀਨ ਮਹਮੂਦ ਅਹਿਮਦ ਸਾਹਿਬ ਨੇ ਆਪਣੇ ਪਵਿੱਤਰ ਹੱਥਾਂ ਨਾਲ ਰੱਖੀ ਸੀ।

ਇਸ ਇਜਤਿਮੇ ਵਿੱਚ ਖ਼ੁਦਾਮ ਅਤੇ ਅਤਫ਼ਾਲ ਦੇ ਵਿਚਕਾਰ ਵੱਖ-ਵੱਖ ਵਿਦਿਅਕ ਤੇ ਖੇਡਾਂ ਦੇ ਮੁਕਾਬਲੇ ਹੋ ਰਹੇ ਹਨ ਅਤੇ ਵਧੀਆ ਸਥਾਨ ਹਾਸਲ ਕਰਨ ਵਾਲਿਆਂ ਨੂੰ ਇਨਾਮ ਦਿੱਤੇ ਜਾਣਗੇ। ਇਨਸ਼ਾ ਅੱਲਾਹ।

5 ਅਕਤੂਬਰ ਨੂੰ ਸਮਾਪਤੀ ਸਮਾਰੋਹ ਹੋਵੇਗਾ ਜਿਸ ਵਿੱਚ ਧਾਰਮਿਕ ਵਿਦਵਾਨ ਸਭ ਖ਼ੁਦਾਮ ਤੇ ਅਤਫ਼ਾਲ ਨੂੰ ਸਿਖਲਾਈ ਵਾਲੇ ਉਪਦੇਸ਼ ਦੇਣਗੇ। ਇਨਸ਼ਾ ਅੱਲਾਹ।

ਅਸੀਂ ਰੱਬ ਅੱਗੇ ਪ੍ਰਾਰਥਨਾ ਕਰਦੇ ਹਾਂ ਕਿ ਉਹ ਜਮਾਤ ਅਹਮਦੀਆ ਦੇ ਇਨ੍ਹਾਂ ਨੌਜਵਾਨਾਂ ਤੇ ਬੱਚਿਆਂ ਨੂੰ ਇਸ ਤਰੀਕੇ ਨਾਲ ਤਿਆਰ ਕਰੇ ਕਿ ਇਹ ਦੇਸ਼ ਅਤੇ ਕੌਮ ਲਈ ਲਾਭਦਾਇਕ ਬਣਨ। ਆਮੀਨ।



**Tariq Ahmad K**
Incharge Press & Media,
Ahmadiyya Muslim Jama'at India.